# ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲssapunjab@yahoo.com

ਸੇਵਾ ਵਿਖੇ,

ਰਾਜ ਦੇ ਸਮੂਹ ਜ਼ਿਲਾ ਸਿੱਖਿਆ ਅਫਸਰ (ਐ:ਸਿ)।

ਮੀਮੋ ਨੰ: ਐਸ.ਐਸ.ਏ/2009/ਐਸ.ਓ/81033
ਮਿਤੀ 23.12.09

ਵਿਸ਼ਾ :- ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੀ ਮੀਟਿੰਗ ਮਿਤੀ 16.7.09 ਦੀ ਕਾਰਵਾਈ ਦੇ ਸੰਬੰਧ ਵਿੱਚ ਫਾਲੋ-ਅੱਪ ਕਾਰਵਾਈ ਕਰਨ ਸੰਬੰਧੀ- ਅਨੁਸੂਚਿਤ ਜਾਤੀਆਂ ਵਿੱਚ ਸਾਖਰਤਾ ਦਰ ਵਧਾਉਣ ਲਈ ਉਪਰਾਲੇ ਕਰਨ ਬਾਰੇ।

---

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੀ ਮੀਟਿੰਗ ,ਜਿਹੜੀ ਕਿ ਮਿਤੀ 16.7.09 ਨੂੰ ਚੰਡੀਗੜ੍ਹ ਵਿਖੇ ਕਮਿਸ਼ਨ ਦੇ ਚੇਅਰਮੈਨ ਸ: ਬੂਟਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਵਿੱਚ ਇਹ ਗੱਲ ਚਿੰਤਾ ਨਾਲ ਨੋਟ ਕੀਤੀ ਗਈ ਕਿ ਰਾਜ ਦੀ ਸਮੁੱਚੀ ਸਾਖਰਤਾ ਦਰ (69.6%) ਅਤੇ ਅਨੁਸੂਚਿਤ ਜਾਤੀਆਂ ਦੀ ਸਾਖਰਤਾ ਦਰ ( 56.2 % ) ਵਿੱਚ ਵੱਡਾ ਪਾੜਾ ਹੈ। ਅਨੁਸੂਚਿਤ ਜਾਤੀ ਲੜਕੀਆਂ ਦੀ ਸਾਖਰਤਾ ਦਰ ਇਸ ਤੋਂ ਵੀ ਘੱਟ ਹੈ ਜੋਕਿ ਇੱਕ ਚਿਤਾਵਨੀ ਹੈ। ਕਮਿਸ਼ਨ ਨੇ ਕਿਹਾ ਹੈ ਕਿ ਇਸ ਸੰਬੰਧ ਵਿੱਚ ਦੰਡਾਤਮਕ ਅਤੇ ਉਤਸਾਹ-ਵਰਧਕ ਦੋਵਾਂ ਤਰਾਂ ਦੇ ਕਦਮ ਉਠਾਕੇ ਇਸ ਪਾੜੇ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ ਜਾਣ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸੰਬੰਧ ਅਗਲੇਰੀ ਯੋਗ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਕਾਰਵਾਈ ਸੰਬੰਧੀ ਸੂਚਨਾ ਇਸ ਦਫਤਰ ਨੂੰ ਭੇਜੀ ਜਾਵੇ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**